# ਵਰਕਿੰਗ ਵਿਦ ਚਿਲਡਰਨ ਚੈੱਕ (Working with Children Check)
# ਖੇਡ ਅਤੇ ਮਨੋਰੰਜਨ ਖੇਤਰ

Punjabi | ਪੰਜਾਬੀ

ਹੇਠਾਂ **ਬੱਚਿਆਂ ਨਾਲ ਸੰਬੰਧਿਤ ਕੰਮ** ਦੀਆਂ ਸ਼੍ਰੇਣੀਆਂ ਦੀ ਸੂਚੀ ਦਿੱਤੀ ਗਈ ਹੈ ਜੋ ਖੇਡਾਂ ਅਤੇ ਮਨੋਰੰਜਨ ਖੇਤਰ 'ਤੇ ਲਾਗੂ ਹੋ ਸਕਦੀਆਂ ਹਨ, ਜਿੱਥੇ ਕਿਸੇ ਵਿਅਕਤੀ ਦੇ ਅਹੁਦੇ ਵਿੱਚ ਉਹਨਾਂ ਦੀਆਂ ਆਮ ਡਿਊਟੀਆਂ ਦੇ ਹਿੱਸੇ ਵਜੋਂ **ਬੱਚਿਆਂ** ਨਾਲ **'ਸੰਪਰਕ'** ਕਰਨਾ ਸ਼ਾਮਲ ਹੁੰਦਾ ਹੈ, ਜਾਂ ਸ਼ਾਮਲ ਹੋਣ ਦੀ ਸੰਭਾਵਨਾ ਹੁੰਦੀ ਹੈ।

ਇਹ ਸਾਰਣੀ ਸਿਰਫ਼ ਇੱਕ ਗਾਈਡ ਹੈ ਅਤੇ ਸੰਪੂਰਨ ਹੋਣ ਦਾ ਦਾਅਵਾ ਨਹੀਂ ਕਰਦੀ ਹੈ। ਇਸ ਵਿੱਚ ਖ਼ਾਸ ਭੂਮਿਕਾ ਅਤੇ ਸੰਬੰਧਿਤ ਜ਼ਿੰਮੇਵਾਰੀਆਂ ਦੇ ਆਧਾਰ 'ਤੇ ਸਾਰੇ ਹਾਲਾਤ ਜਾਂ ਫੇਰ ਬਦਲ ਸ਼ਾਮਲ ਨਹੀਂ ਹਨ। ਪ੍ਰਦਾਨ ਕੀਤੀਆਂ ਉਦਾਹਰਨਾਂ ਵੀ ਛੋਟਾਂ ਦੇ ਅਧੀਨ ਹੋ ਸਕਦੀਆਂ ਹਨ।

ਜੇਕਰ ਇੱਕ ਤੋਂ ਵੱਧ ਸ਼੍ਰੇਣੀਆਂ ਲਾਗੂ ਹੁੰਦੀਆਂ ਹਨ, ਤਾਂ ਕਲੱਬਾਂ/ਐਸੋਸੀਏਸ਼ਨਾਂ ਨੂੰ ਉਹ ਸ਼੍ਰੇਣੀ ਚੁਣਨੀ ਚਾਹੀਦੀ ਹੈ ਜਿਸ ਵਿੱਚ ਘੱਟ ਤੋਂ ਘੱਟ ਛੋਟਾਂ ਹਨ, ਉਦਾਹਰਨ ਲਈ ਰਾਤ ਭਰ ਦੀਆਂ ਗਤੀਵਿਧੀਆਂ ਕਰਨ ਵਾਲੇ ਕਲੱਬਾਂ/ਐਸੋਸੀਏਸ਼ਨਾਂ ਲਈ ਸ਼੍ਰੇਣੀ 12 ਦੀ ਬਜਾਏ ਸ਼੍ਰੇਣੀ 15 ਦੀ ਚੋਣ ਕੀਤੀ ਜਾਣੀ ਚਾਹੀਦੀ ਹੈ।

| **ਇਹਨਾਂ ਸ਼੍ਰੇਣੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ:** | **ਇਹਨਾਂ ਭੂਮਿਕਾਵਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ** |
|---|---|
| 4. ਕਿਸੇ ਵੀ ਕਿਸਮ ਦੀ ਕੋਚਿੰਗ ਜਾਂ ਪ੍ਰਾਈਵੇਟ ਟਿਊਸ਼ਨ ਸੇਵਾ | • ਬੱਚਿਆਂ ਦੀ ਕੋਚਿੰਗ ਜਾਂ ਟਿਊਸ਼ਨ ਪ੍ਰਦਾਨ ਕਰਨ ਵਾਲੇ ਲੋਕ, ਜਿਵੇਂ ਕਿ ਪ੍ਰਾਈਵੇਟ ਸਪੋਰਟਸ ਕੋਚ/ਟਿਊਟਰ ਜਾਂ ਤੈਰਾਕੀ ਇੰਸਟ੍ਰਕਟਰ, ਜੋ ਕਿਸੇ ਕਲੱਬ ਜਾਂ ਐਸੋਸੀਏਸ਼ਨ (ਸ਼੍ਰੇਣੀ 12) ਦੇ ਸੰਬੰਧ ਵਿੱਚ ਅਜਿਹਾ ਨਹੀਂ ਕਰ ਰਹੇ ਹਨ।<br>• ਵੈਸਟਰਨ ਆਸਟ੍ਰੇਲੀਆ ਵਿੱਚ ਬੱਚਿਆਂ ਨਾਲ ਕੰਮ ਕਰਨ ਵਾਲੇ ਅੰਤਰਰਾਜੀ ਜਾਂ ਅੰਤਰਰਾਸ਼ਟਰੀ ਕੋਚ<br>• ਆਪਣੀ ਪਲੇਸਮੈਂਟ (ਲੋੜੀਂਦੀ ਵਿਹਾਰਕ ਸਿਖਲਾਈ) ਦੇ ਹਿੱਸੇ ਵਜੋਂ ਜੂਨੀਅਰ ਸਪੋਰਟਸ ਟੀਮ ਨੂੰ ਕੋਚਿੰਗ ਦੇ ਰਹੇ ਵਿਦਿਆਰਥੀ<br>• ਨਿੱਜੀ ਟ੍ਰੇਨਰ ਜੋ ਬੱਚਿਆਂ ਲਈ ਵਿਅਕਤੀਗਤ ਸੈਸ਼ਨ ਪ੍ਰਦਾਨ ਕਰਦੇ ਹਨ<br>• ਮੁੱਖ ਤੌਰ 'ਤੇ ਬੱਚਿਆਂ ਲਈ ਮਨੋਰੰਜਨ ਕੇਂਦਰ ਦੀਆਂ ਕਲਾਸਾਂ ਪ੍ਰਦਾਨ ਕਰਦੇ ਕੋਚ / ਇੰਸਟ੍ਰਕਟਰ |
| 5. ਬੱਚਿਆਂ ਦੀ ਰਿਹਾਇਸ਼ ਜਾਂ ਦੇਖਭਾਲ ਦਾ ਪ੍ਰਬੰਧ | • ਫੇਰੀ ਪਾਉਣ ਵਾਲੀਆਂ ਟੀਮਾਂ ਵਿਚਲੇ ਬੱਚਿਆਂ ਨੂੰ ਆਰਜ਼ੀ ਰਿਹਾਇਸ਼ ਪ੍ਰਦਾਨ ਕਰਨ ਵਾਲੇ ਲੋਕ |

| **ਇਹਨਾਂ ਸ਼੍ਰੇਣੀਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ:** | **ਇਹਨਾਂ ਭੂਮਿਕਾਵਾਂ ਵਿੱਚ ਸ਼ਾਮਲ ਹੋ ਸਕਦੀਆਂ ਹਨ** |
|---|---|
|  12. ਕਲੱਬ, ਐਸੋਸੀਏਸ਼ਨ ਜਾਂ ਮੁਹਿੰਮ | • ਬੱਚਿਆਂ ਨੂੰ ਗਤੀਵਿਧੀਆਂ ਪ੍ਰਦਾਨ ਕਰਨ ਵਾਲੇ ਕੋਚ/ਟਿਊਟਰ/ਇੰਸਟ੍ਰਕਟਰ<br>• ਜੂਨੀਅਰ ਟੀਮਾਂ ਜਾਂ ਜੂਨੀਅਰ ਮੁਕਾਬਲਿਆਂ ਦੇ ਰੈਫਰੀ/ਅੰਪਾਇਰ/ਜੱਜ<br>• ਜੂਨੀਅਰ ਟੀਮ ਦੀਆਂ ਸਹਾਇਤਾ ਭੂਮਿਕਾਵਾਂ, ਜਿਵੇਂ ਕਿ ਟੀਮ ਪ੍ਰਬੰਧਕ ਅਤੇ ਫਸਟ ਏਡ/ਮੈਡੀਕਲ ਅਮਲਾ<br>• ਜੂਨੀਅਰ ਭਾਗੀਦਾਰਾਂ ਨੂੰ ਸੇਵਾ ਪ੍ਰਦਾਨ ਕਰਦੀਆਂ ਕੰਨਟੀਨ ਦੀਆਂ ਭੂਮਿਕਾਵਾਂ<br>• ਬੋਰਡ ਅਹੁਦਿਆਂ 'ਤੇ ਮੌਜੂਦ ਲੋਕ ਜੋ ਜੂਨੀਅਰ ਮੈਂਬਰਾਂ ਨੂੰ ਮੈਡਲ/ਅਵਾਰਡ ਪੇਸ਼ ਕਰਦੇ ਹਨ<br>• ਵਿਜ਼ਟਰ/VIP ਜੋ ਮੈਡਲ/ਅਵਾਰਡ ਦੇਣ ਲਈ ਕਲੱਬ ਜਾਂ ਐਸੋਸੀਏਸ਼ਨ ਵਿੱਚ ਆਉਂਦੇ ਹਨ |
|  15: ਰਾਤ ਰਹਿਣ ਵਾਲੇ ਕੈਂਪ | • ਰਾਤ ਭਰ ਦੇ ਸਮਾਗਮਾਂ/ਕੈਂਪਾਂ ਵਿੱਚ ਗਤੀਵਿਧੀਆਂ ਚਲਾਉਣ, ਕੋਚਿੰਗ ਦੇਣ, ਜਾਂ ਪ੍ਰਬੰਧ ਕਰਨ ਵਾਲੇ ਲੋਕ<br>• ਰਾਤ ਭਰ ਦੇ ਸਮਾਗਮਾਂ/ਕੈਂਪਾਂ ਵਿੱਚ ਬੱਚਿਆਂ ਦੀ ਨਿਗਰਾਨੀ ਕਰਨ ਵਾਲੇ ਲੋਕ<br>• ਰਾਤ ਭਰ ਦੇ ਪ੍ਰੋਗਰਾਮ/ਕੈਂਪ ਵਿੱਚ ਜੂਨੀਅਰ ਭਾਗੀਦਾਰਾਂ ਨੂੰ ਭੋਜਨ ਪਰੋਸਣ ਵਾਲੇ ਲੋਕ<br>ਇਸ ਵਿੱਚ **ਮਾਤਾ-ਪਿਤਾ** ਵਾਲੰਟੀਅਰ ਸ਼ਾਮਲ ਹਨ ਅਤੇ ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਉਹ ਆਪ ਰਾਤ ਭਰ ਰਹਿ ਰਹੇ ਹਨ ਜਾਂ ਨਹੀਂ। |
|  16. ਖ਼ਾਸ ਤੌਰ 'ਤੇ ਬੱਚਿਆਂ ਲਈ ਟ੍ਰਾਂਸਪੋਰਟ (ਆਵਾਜਾਈ) ਸੇਵਾ | • ਖ਼ਾਸ ਤੌਰ 'ਤੇ ਕਲੱਬ/ਸੰਸਥਾ/ਟੀਮ ਲਈ ਬੱਚਿਆਂ ਨੂੰ ਆਵਾਜਾਈ ਸੇਵਾ ਦੇਣ ਵਾਲੇ ਲੋਕ |

## ਕੀ ਤੁਹਾਡੀ ਸੰਸਥਾ ਵਿੱਚ ਬੱਚਿਆਂ ਦੀ ਮੈਂਬਰਸ਼ਿਪ ਜਾਂ ਸ਼ਮੂਲੀਅਤ ਕਾਫ਼ੀ ਜ਼ਿਆਦਾ ਹੈ?

ਖੇਡਾਂ ਅਤੇ ਮਨੋਰੰਜਨ ਦੇ ਖੇਤਰ ਲਈ ਸਭ ਤੋਂ ਵੱਧ ਵਰਤੀ ਜਾਂਦੀ ਸ਼੍ਰੇਣੀ ਹੈ, ਸ਼੍ਰੇਣੀ 12: (ਸੱਭਿਆਚਾਰਕ, ਮਨੋਰੰਜਨ ਜਾਂ ਖੇਡ ਸੰਬੰਧੀ ਸਮੇਤ ਅਤੇ ਭਾਵੇਂ ਗਠਿਤ ਕੀਤੀ ਗਈ ਹੋਵੇ ਜਾਂ ਨਾ) ਇੱਕ ਕਲੱਬ ਐਸੋਸੀਏਸ਼ਨ ਜਾਂ ਮੁਹਿੰਮ ਜਿਸ ਵਿੱਚ ਬੱਚਿਆਂ ਦੀ ਮੈਂਬਰਸ਼ਿਪ ਜਾਂ ਸ਼ਮੂਲੀਅਤ ਕਾਫ਼ੀ ਜ਼ਿਆਦਾ ਹੈ, ਪਰ ਨਿੱਜੀ ਜਾਂ ਘਰੇਲੂ ਉਦੇਸ਼ਾਂ ਲਈ ਦਾਖਲ ਕੀਤੇ ਗਏ ਗ਼ੈਰ-ਰਸਮੀ ਪ੍ਰਬੰਧ ਨੂੰ ਸ਼ਾਮਲ ਨਹੀਂ ਕਰਦੀ।

ਸੰਸਥਾਵਾਂ ਵਿੱਚ ਬੱਚਿਆਂ ਦੀ ਮੈਂਬਰਸ਼ਿਪ ਜਾਂ ਸ਼ਮੂਲੀਅਤ ਉਦੋਂ ਕਾਫ਼ੀ ਜ਼ਿਆਦਾ ਹੁੰਦੀ ਹੈ, ਜਦੋਂ:

- ਸੰਸਥਾ ਦੇ ਮੈਂਬਰਾਂ ਦੇ ਤੌਰ 'ਤੇ ਬੱਚਿਆਂ ਦੀ ਗਿਣਤੀ ਜਾਂ ਪ੍ਰਤੀਸ਼ਤ ਕਾਫ਼ੀ ਜ਼ਿਆਦਾ ਹੈ
- ਕੀਤੀਆਂ ਜਾ ਰਹੀਆਂ ਗਤੀਵਿਧੀਆਂ ਵਿੱਚ ਬੱਚਿਆਂ ਦੀ ਸ਼ਮੂਲੀਅਤ ਕਾਫ਼ੀ ਜ਼ਿਆਦਾ ਹੈ
- ਸੰਸਥਾ ਦੀਆਂ ਗਤੀਵਿਧੀਆਂ ਖ਼ਾਸ ਤੌਰ 'ਤੇ ਬੱਚਿਆਂ ਨੂੰ ਜਾਂ ਉਨ੍ਹਾਂ ਨੂੰ ਆਕਰਸ਼ਿਤ ਕਰਨ ਲਈ ਨਿਰਦੇਸ਼ਿਤ ਕੀਤੀਆਂ ਜਾਂਦੀਆਂ ਹਨ। ਉਦਾਹਰਨ ਲਈ, ਸਿਰਫ਼ ਬਾਲਗ਼ ਮੈਂਬਰਾਂ ਵਾਲਾ ਜਹਾਜ਼ਰਾਨੀ ਕਲੱਬ ਆਪਣੀ ਮੈਂਬਰਸ਼ਿਪ ਨੂੰ ਵਧਾਉਣ ਦਾ ਫ਼ੈਸਲਾ ਕਰ ਸਕਦਾ ਹੈ ਅਤੇ ਜੂਨੀਅਰ ਮੈਂਬਰਾਂ ਦੀ ਭਰਤੀ ਕਰਨ ਲਈ ਖ਼ਾਸ ਗਤੀਵਿਧੀਆਂ ਕਰਦਾ ਹੈ।

## ਗ਼ੈਰ-ਰਸਮੀ ਪ੍ਰਬੰਧ ਕੀ ਹੁੰਦੇ ਹਨ?

ਵਰਕਿੰਗ ਵਿਦ ਚਿਲਡਰਨ (WWC) ਸਕ੍ਰੀਨਿੰਗ ਯੂਨਿਟ ਮੰਨਦੀ ਹੈ ਕਿ "ਨਿੱਜੀ ਜਾਂ ਘਰੇਲੂ ਉਦੇਸ਼ਾਂ ਲਈ ਕੀਤਾ ਗਿਆ ਗ਼ੈਰ-ਰਸਮੀ ਪ੍ਰਬੰਧ" ਉਹ ਹੈ ਜੋ ਸਿਰਫ਼ ਇੱਕ ਨਿੱਜੀ ਦੋਸਤੀ ਜਾਂ ਪਰਿਵਾਰਕ ਸਮੂਹ ਨਾਲ ਜੁੜੇ ਸੀਮਤ ਲੋਕਾਂ ਲਈ ਉਪਲਬਧ ਹੁੰਦਾ ਹੈ ਅਤੇ ਆਮ ਤੌਰ 'ਤੇ ਕਦੇ ਕਦਾਈਂ ਕੀਤਾ ਜਾਂਦਾ ਹੈ। ਉਦਾਹਰਨ ਲਈ, ਇੱਕ ਗੁਆਂਢੀ ਕੁੱਝ ਬੱਚਿਆਂ ਨੂੰ ਆਪਣੀ ਗਲੀ ਤੋਂ ਸਥਾਨਕ ਫੁੱਟਬਾਲ ਮੈਦਾਨ ਵਿੱਚ ਲੈ ਜਾਂਦਾ ਹੈ।

ਇੱਕ ਰਸਮੀ ਪ੍ਰਬੰਧ ਵਿੱਚ ਅਜਿਹਾ ਵਿਅਕਤੀ ਸ਼ਾਮਲ ਹੋ ਸਕਦਾ ਹੈ ਜੋ ਆਪਣੀਆਂ ਸੇਵਾਵਾਂ ਦਾ ਇਸ਼ਤਿਹਾਰ ਦੇ ਰਿਹਾ ਹੋਵੇ, ਸੰਬੰਧਿਤ ਸੇਵਾ ਪ੍ਰਦਾਨ ਕਰਨ ਵਾਲਾ ਕਾਰੋਬਾਰ ਚਲਾ ਰਿਹਾ ਹੋਵੇ; ਜਾਂ ਆਮ ਤੌਰ 'ਤੇ ਬੱਚਿਆਂ ਲਈ ਉਨ੍ਹਾਂ ਦੀ ਸੇਵਾ ਦਾ ਪ੍ਰਚਾਰ ਕਰਨਾ ਅਤੇ ਨਾ ਸਿਰਫ਼ ਉਨ੍ਹਾਂ ਦੇ ਆਪਣੇ ਸੋਸ਼ਲ ਨੈੱਟਵਰਕ ਦੇ ਅੰਦਰ ਬੱਚਿਆਂ ਦੀ ਦੇਖਭਾਲ ਕਰਨਾ। ਉਦਾਹਰਨ ਲਈ, ਉਹ ਵਿਅਕਤੀ ਜੋ ਸਥਾਨਕ ਖੇਤਰ ਵਿੱਚ ਬੱਚਿਆਂ ਨੂੰ ਆਪਣੀਆਂ ਕੋਚਿੰਗ ਸੇਵਾਵਾਂ ਦੇਣ ਲਈ ਇਸ਼ਤਿਹਾਰ ਦਿੰਦਾ ਹੈ।

ਇਹ ਚੇਤੇ ਰੱਖਣਾ ਮਹੱਤਵਪੂਰਨ ਹੈ ਕਿ ਕੁੱਝ ਪ੍ਰਬੰਧ ਗ਼ੈਰ-ਰਸਮੀ ਤੌਰ 'ਤੇ ਸ਼ੁਰੂ ਹੋ ਸਕਦੇ ਹਨ ਪਰ ਫਿਰ ਰਸਮੀ ਬਣ ਜਾਂਦੇ ਹਨ, ਜਿਸ ਲਈ WWC ਚੈੱਕ ਦੀ ਲੋੜ ਹੋ ਸਕਦੀ ਹੈ।

## ਮਾਤਾ-ਪਿਤਾ ਵਲੰਟੀਅਰ ਛੋਟ ਕੀ ਹੈ?

ਬਹੁਤ ਸਾਰੇ ਮਾਪੇ ਜੋ ਆਪਣੇ ਬੱਚਿਆਂ ਦੀ ਭਾਗੀਦਾਰੀ ਵਾਲੀਆਂ ਗਤੀਵਿਧੀਆਂ ਵਿੱਚ ਵਾਲੰਟੀਅਰ ਬਣਦੇ ਹਨ, ਉਹਨਾਂ ਨੂੰ WWC ਚੈੱਕ ਲਈ ਅਰਜ਼ੀ ਦੇਣ ਤੋਂ ਛੋਟ ਦਿੱਤੀ ਜਾਂਦੀ ਹੈ। ਉਦਾਹਰਨ ਲਈ, ਕੋਈ ਅਜਿਹਾ ਮਾਤਾ-ਪਿਤਾ ਵਾਲੰਟੀਅਰ ਜੋ ਆਪਣੇ ਬੱਚੇ ਦੀ ਖੇਡ ਟੀਮ ਨੂੰ ਕੋਚ ਕਰਦਾ ਹੈ। ਇਹ ਨੋਟ ਕਰਨਾ ਅਹਿਮ ਹੈ ਕਿ ਵਾਲੰਟੀਅਰ ਮਾਤਾ-ਪਿਤਾ ਲਈ ਛੋਟ ਬੱਚਿਆਂ ਨਾਲ ਸੰਬੰਧਿਤ ਕੰਮ ਕਰਨ ਦੀ ਸ਼੍ਰੇਣੀ ਦੇ ਆਧਾਰ 'ਤੇ ਵੱਖਰੇ ਤੌਰ 'ਤੇ ਲਾਗੂ ਕੀਤੀ ਜਾਂਦੀ ਹੈ; ਹੋਰ ਜਾਣਕਾਰੀ ਲਈ ਤੱਥ ਸ਼ੀਟ CRW03 - ਛੋਟਾਂ, ਮਾਤਾ-ਪਿਤਾ ਵਾਲੰਟੀਅਰ ਛੋਟ ਵੇਖੋ।

1 ਜੁਲਾਈ 2023 ਤੋਂ, **ਨਾਕਾਰਤਮਕ ਨੋਟਿਸ** ਜਾਂ **ਅੰਤਰਿਮ ਨਾਕਾਰਤਮਕ ਨੋਟਿਸ** ਰੱਖਣ ਵਾਲੇ ਵਿਅਕਤੀਆਂ ਨੂੰ ਵਾਲੰਟੀਅਰ ਮਾਤਾ-ਪਿਤਾ ਲਈ ਛੋਟ ਤੱਕ ਪਹੁੰਚ ਕਰਨ ਦੀ ਮਨਾਹੀ ਹੈ। ਵਧੇਰੇ ਜਾਣਕਾਰੀ ਲਈ ਤੱਥ ਸ਼ੀਟ CRW04 - ਛੋਟਾਂ, ਪਹੁੰਚ ਨੂੰ ਘਟਾਉਣਾ ਵੇਖੋ।

## ਸਾਡੀ ਸੰਸਥਾ ਇਹ ਕਿਵੇਂ ਨਿਰਧਾਰਤ ਕਰੇ ਕਿ ਕੌਣ ਵਾਲੰਟੀਅਰ ਹੈ ਅਤੇ ਕਿਸਨੂੰ ਭੁਗਤਾਨ ਕੀਤਾ ਜਾਂਦਾ ਹੈ?

ਇੱਕ ਵਾਲੰਟੀਅਰ ਉਹ ਵਿਅਕਤੀ ਹੁੰਦਾ ਹੈ ਜੋ ਕਿਸੇ ਰੁਜ਼ਗਾਰਦਾਤਾ, ਵਾਲੰਟੀਅਰ ਸੰਸਥਾ ਜਾਂ **ਸਿੱਖਿਆ ਪ੍ਰਦਾਤਾ** ਲਈ ਬਿਨਾਂ ਕਿਸੇ ਵਿੱਤੀ ਇਨਾਮ ਜਾਂ ਮਜ਼ਦੂਰੀ ਦੇ ਬੱਚਿਆਂ ਸੰਬੰਧੀ ਕੰਮ ਵਿੱਚ ਸ਼ਾਮਲ ਹੁੰਦਾ ਹੈ।

ਕੋਈ ਵਿਅਕਤੀ ਜੋ ਸਿਰਫ਼ ਬੱਚਿਆਂ ਨਾਲ ਸੰਬੰਧਿਤ ਕੰਮ ਨੂੰ ਪੂਰਾ ਕਰਨ ਦੇ ਆਪਣੇ ਖ਼ਰਚਿਆਂ ਨੂੰ ਪੂਰਾ ਕਰਦਾ ਹੋਇਆ ਭੁਗਤਾਨ ਪ੍ਰਾਪਤ ਕਰਦਾ ਹੈ, ਉਸਨੂੰ ਕੋਈ ਵਿੱਤੀ ਇਨਾਮ ਪ੍ਰਾਪਤ ਕਰਨਾ ਨਹੀਂ ਮੰਨਿਆ ਜਾਂਦਾ ਹੈ ਅਤੇ WWC ਸਕ੍ਰੀਨਿੰਗ ਯੂਨਿਟ ਦੁਆਰਾ ਵਾਲੰਟੀਅਰ ਕਰਨਾ ਮੰਨਿਆ ਜਾਂਦਾ ਹੈ।

ਸੰਸਥਾਵਾਂ ਨੂੰ ਧਿਆਨ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਕਿਸੇ ਵਿਅਕਤੀ ਨੂੰ ਅਦਾ ਕੀਤੀ ਗਈ ਰਕਮ ਨੂੰ ਆਮਦਨ ਜਾਂ ਲਾਗਤਾਂ ਨੂੰ ਪੂਰਾ ਕਰਨ ਲਈ ਭੁਗਤਾਨ ਮੰਨਿਆ ਜਾ ਸਕਦਾ ਹੈ। ਇਹ ਕਿਸੇ ਵੀ ਲਾਗੂ ਛੋਟਾਂ ਨੂੰ ਨਿਰਧਾਰਤ ਕਰਨ ਜਾਂ WWC ਚੈੱਕ ਫਾਰਮ ਜਾਂ ਨਵਿਆਉਣ ਲਈ ਅਰਜ਼ੀ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ।

ਇਹ ਫ਼ੈਸਲਾ ਲੈਂਦੇ ਸਮੇਂ ਸੰਸਥਾਵਾਂ ਨੂੰ ਹੇਠਾਂ ਦਿੱਤੇ ਸਵਾਲਾਂ 'ਤੇ ਵਿਚਾਰ ਕਰਨਾ ਲਾਭਦਾਇਕ ਹੋ ਸਕਦਾ ਹੈ:

- ਇਸ ਕੰਮ ਨੂੰ ਕਰਨ ਵਾਲੇ ਵਿਅਕਤੀ ਲਈ ਕੀ ਖ਼ਰਚੇ ਹਨ? ਉਹਨਾਂ ਦੇ ਖ਼ਰਚੇ ਵਿੱਚ ਯਾਤਰਾ ਦੇ ਖ਼ਰਚੇ, ਫ਼ੋਨ ਕਾਲਾਂ, ਵਰਦੀਆਂ, ਸਟੇਸ਼ਨਰੀ, ਖੇਡਾਂ ਦਾ ਸਾਜ਼ੋ-ਸਾਮਾਨ ਅਤੇ ਹੋਰ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ ਜੇਕਰ ਉਹ ਚੀਜ਼ਾਂ ਨੂੰ ਉਹਨਾਂ ਦੇ ਬੱਚਿਆਂ ਨਾਲ ਸੰਬੰਧਤ ਕੰਮ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ।

- ਇਹ ਸੇਵਾ ਅਤੇ ਭੁਗਤਾਨ ਕਿਸ ਮਿਆਦ ਲਈ ਕੀਤੇ ਜਾਂਦੇ ਹਨ? ਉਦਾਹਰਨ ਲਈ, ਜੇਕਰ ਵਿਅਕਤੀ ਨੂੰ ਕੀਤਾ ਗਿਆ ਭੁਗਤਾਨ ਉਸ ਵਿਅਕਤੀ ਦੇ ਸਾਲ ਭਰ ਵਿੱਚ ਕੀਤੇ ਗਏ ਖ਼ਰਚਿਆਂ ਨੂੰ ਪੂਰਾ ਕਰਨ ਦੀ ਉਮੀਦ ਕੀਤੇ ਜਾ ਸਕਣ ਵਾਲੇ ਭੁਗਤਾਨ ਤੋਂ ਵੱਧ ਨਹੀਂ ਹੈ, ਤਾਂ ਉਸ ਵਿਅਕਤੀ ਨੂੰ ਵਾਲੰਟੀਅਰ ਮੰਨਿਆ ਜਾ ਸਕਦਾ ਹੈ।
- ਕੀ ਵਿਅਕਤੀ ਦੁਆਰਾ ਪ੍ਰਾਪਤ ਭੁਗਤਾਨ ਕੰਮ ਨੂੰ ਪੂਰਾ ਕਰਨ ਦੀ ਲਾਗਤ ਤੋਂ ਵੱਧ ਹੈ? ਜੇਕਰ ਅਜਿਹਾ ਹੈ, ਤਾਂ ਉਹਨਾਂ ਨੂੰ ਅਦਾਇਗੀ ਸਹਿਤ ਕਰਮਚਾਰੀ ਮੰਨਿਆ ਜਾਵੇਗਾ। ਇਹ ਬੇਮਤਲਬ ਹੈ ਕਿ ਕੀ ਇਹ ਕੰਮ ਅਕਸਰ ਹੁੰਦਾ ਹੈ ਜਾਂ ਕਦੇ-ਕਦਾਈਂ ਹੁੰਦਾ ਹੈ ਅਤੇ ਕੀ ਛੋਟੇ ਭੁਗਤਾਨ ਅਕਸਰ ਹੁੰਦੇ ਹਨ ਜਾਂ ਕਦੇ-ਕਦਾਈਂ ਵੱਡੇ ਭੁਗਤਾਨ ਹੁੰਦੇ ਹਨ।

ਉਦਾਹਰਨ ਲਈ, ਇੱਕ ਨੈੱਟਬਾਲ ਅੰਪਾਇਰ ਜੋ ਹਰ ਹਫ਼ਤੇ ਇੱਕ ਗੇਮ ਵਿੱਚ ਅੰਪਾਇਰ ਬਣਦਾ ਹੈ ਅਤੇ $20 ਪ੍ਰਾਪਤ ਕਰਦਾ ਹੈ, ਨੂੰ ਇੱਕ ਅਜਿਹਾ ਭੁਗਤਾਨ ਪ੍ਰਾਪਤ ਕਰਦਾ ਮੰਨਿਆ ਜਾ ਸਕਦਾ ਹੈ ਜੋ ਉਹਨਾਂ ਦੇ ਖ਼ਰਚਿਆਂ (ਯਾਤਰਾ, ਮੈਂਬਰਸ਼ਿਪ, ਮਾਨਤਾ, ਅਤੇ ਵਰਦੀ) ਨੂੰ ਪੂਰਾ ਕਰਦਾ ਹੈ। ਹਾਲਾਂਕਿ, ਜੇਕਰ ਉਹੀ ਵਿਅਕਤੀ ਸ਼ਨੀਵਾਰ ਨੂੰ 3 ਗੇਮਾਂ ਵਿੱਚ $20 ਪ੍ਰਤੀ ਗੇਮ ਦੇ ਹਿਸਾਬ ਨਾਲ ਅੰਪਾਇਰ ਬਣਦਾ ਹੈ, ਤਾਂ ਇਸਨੂੰ ਉਹਨਾਂ ਦੇ ਖ਼ਰਚਿਆਂ ਦੀ ਲਾਗਤ ਤੋਂ ਵੱਧ ਮੰਨਿਆ ਜਾ ਸਕਦਾ ਹੈ ਅਤੇ ਇਸ ਲਈ ਇਸਨੂੰ ਇੱਕ ਭੁਗਤਾਨ ਮੰਨਿਆ ਜਾ ਸਕਦਾ ਹੈ।

**ਮੋਟੇ ਅੱਖਰਾਂ ਵਾਲੇ** ਸ਼ਬਦਾਂ ਦੀ ਪਰਿਭਾਸ਼ਾ www.workingwithchildren.wa.gov.au'ਤੇ ਵਰਕਿੰਗ ਵਿਦ ਚਿਲਡਰਨ ਚੈੱਕ ਸ਼ਬਦਾਵਲੀ ਵਿੱਚ ਲੱਭੀ ਜਾ ਸਕਦੀ ਹੈ।